**ਨਗਰ ਨਿਗਮ, ਬਠਿੰਡਾ।**

**ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 11.11.2024 ਨੂੰ ਸਵੇਰੇ 11.00 ਵਜੇ**

ਅੱਜ ਮਿਤੀ 11.11.2024 ਨੂੰ ਸਵੇਰੇ 11.00 ਵਜੇ ਸ੍ਰੀ ਅਸ਼ੋਕ ਕੁਮਾਰ, ਕਾਰਜਕਾਰੀ ਮੇਅਰ-ਕਮ-ਸੀਨੀਅਰ ਡਿਪਟੀ ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਅਮਨਦੀਪ ਕੌਰ | 1 | ਕੌਂਸਲਰ |
| 2 | ਸੁਖਦੇਵ ਸਿੰਘ | 4 | ਕੌਂਸਲਰ |
| 3 | ਸੋਨੀਆ | 5 | ਕੌਂਸਲਰ |
| 4 | ਬੇਅੰਤ ਸਿੰਘ ਰੰਧਾਵਾ | 6 | ਕੌਂਸਲਰ |
| 5 | ਅਸ਼ੇਸ਼ਰ ਪਾਸਵਾਨ | 12 | ਕੌਂਸਲਰ |
| 6 | ਗੁਰਦੇਵ ਕੌਰ ਸ਼ਿੰਦਾ | 13 | ਕੌਂਸਲਰ |
| 7 | ਵਿਵੇਕ ਗਰਗ | 14 | ਕੌਂਸਲਰ |
| 8 | ਮਨਜੀਤ ਕੋਰ | 15 | ਕੌਂਸਲਰ |
| 9 | ਵਿਕਰਮ ਕ੍ਰਾਂਤੀ | 18 | ਕੌਂਸਲਰ |
| 10 | ਮੱਖਣ ਸਿੰਘ | 20 | ਕੌਂਸਲਰ |
| 11 | ਸੁਰੇਸ਼ ਚੋਹਾਨ | 22 | ਕੌਂਸਲਰ |
| 12 | ਕਮਲਜੀਤ ਕੋਰ | 25 | ਕੌਂਸਲਰ |
| 13 | ਸੰਦੀਪ ਕੁਮਾਰ | 26 | ਕੌਂਸਲਰ |
| 14 | ਉਸ਼ਾ ਗੋਇਲ | 27 | ਕੌਂਸਲਰ |
| 15 | ਰੀਨਾ ਗੁਪਤਾ | 29 | ਕੌਂਸਲਰ |
| 16 | ਪ੍ਰਵੀਨ ਗਰਗ | 31 | ਕੌਂਸਲਰ |
| 17 | ਜਸਵੀਰ ਸਿੰਘ | 34 | ਕੌਂਸਲਰ |
| 18 | ਆਤਮਾ ਸਿੰਘ | 40 | ਕੌਂਸਲਰ |
| 19 | ਕੁਲਵਿੰਦਰ ਕੋਰ | 41 | ਕੌਂਸਲਰ |
| 20 | ਅਨੀਤਾ ਗੋਇਲ | 43 | ਕੌਂਸਲਰ |
| 21 | ਰਾਜ ਰਾਣੀ | 45 | ਕੌਂਸਲਰ |
| 22 | ਰਤਨ ਰਾਹੀ | 46 | ਕੌਂਸਲਰ |
| 23 | ਕਮਲੇਸ਼ ਮਹਿਰਾ | 49 | ਕੌਂਸਲਰ |

ਮੀਟਿੰਗ ਦੀ ਸ਼ੁਰੂਆਤ ਵਿੱਚ ਕਾਰਜਕਾਰੀ ਮੇਅਰ-ਕਮ-ਸੀਨੀਅਰ ਡਿਪਟੀ ਮੇਅਰ, ਨਗਰ ਨਿਗਮ ਬਠਿੰਡਾ ਨੇ ਹਾਊਸ ਵਿੱਚ ਮੌਜੂਦ ਸਮੂਹ ਕੌਂਸਲਰ ਸਾਹਿਬਾਨ ਨੂੰ ਜੀ ਆਇਆ ਆਖਿਆ ਅਤੇ ਅੱਜ ਦੀ ਮੀਟਿੰਗ ਸ਼ੁਰੂ ਕਰਨ ਦੀ ਇਜਾਜਤ ਦਿੱਤੀ।

ਸ਼੍ਰੀ ਰਤਨ ਰਾਹੀ, ਕੌਂਸਲਰ ਨੇ ਕਿਹਾ ਕਿ ਕਿਉਂ ਜੋ ਖੇਤਾਂ ਵਿੱਚ ਕਿਸਾਨਾਂ ਵੱਲੋਂ ਪਰਾਲੀ ਮਚਾਉਣ ਕਾਰਨ ਸ਼ਹਿਰ ਵਿੱਚ ਪਹਿਲਾਂ ਹੀ ਧੂੰਆ ਬਹੁਤ ਜਿਆਦਾ ਹੋ ਰਿਹਾ ਹੈ। ਇਸ ਨਾਲ ਮੱਛਰ ਵੀ ਮਰ ਰਹੇ ਹਨ। ਇਸ ਲਈ ਯੋਗ ਹੋਵੇਗਾ ਕਿ ਨਗਰ ਨਿਗਮ ਵੱਲੋਂ ਮੱਛਰ ਮਾਰਨ ਖਾਤਰ ਕੀਤੀ ਜਾ ਰਹੀ ਫੌਗਿੰਗ ਹਾਲ ਦੀ ਘੜੀ ਰੋਕ ਦਿੱਤੀ ਜਾਵੇ, ਤਾਂ ਜੋ ਬੇਲੋੜੀਂਦਾ ਖਰਚਾ ਨਾ ਹੋਵੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਸ਼ਹਿਰ ਵਿੱਚ ਡੇਂਗੂ ਦੇ ਕਹਿਰ ਨੂੰ ਰੋਕਣ ਲਈ ਫੌਗਿੰਗ ਸਿਹਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਹੀ ਕਰਵਾਈ ਜਾਂਦੀ ਹੈ। ਉਹਨਾਂ ਹਦਾਇਤ ਕੀਤੀ ਕਿ ਸ਼ਹਿਰ ਵਿੱਚ ਕਰਵਾਈ ਜਾ ਰਹੀ ਫੌਗਿੰਗ ਰੋਕਣ ਤੋਂ ਪਹਿਲਾਂ ਸਿਹਤ ਵਿਭਾਗ ਨਾਲ ਤਾਲਮੇਲ ਕੀਤਾ ਜਾਵੇ। ਇਸ ਉਪਰੰਤ ਹੀ ਬਣਦੀ ਕਾਰਵਾਈ ਕੀਤੀ ਜਾਵੇ।

ਸ਼੍ਰੀ ਜਸਵੀਰ ਸਿੰਘ ਜੱਸਾ, ਕੌਂਸਲਰ ਨੇ ਕਿਹਾ ਕਿ ਜਨਰਲ ਹਾਊਸ ਦੀ ਮੀਟਿੰਗ ਮਿਤੀ 23.08.2024 ਵਿੱਚ ਸਮੂਹ ਕੌਂਸਲਰ ਸਾਹਿਬਾਨ ਦੇ ਕੰਮ ਸ਼ਾਮਲ ਨਾ ਹੋਣ ਕਾਰਨ, ਪੈਡਿੰਗ ਰੱਖ ਲਏ ਗਏ ਸਨ। ਉਹਨਾਂ ਸਮੂਹ ਕੌਂਸਲਰ ਸਾਹਿਬਾਨ ਦੇ ਕੰਮ ਪਾਸ ਕਰਨ ਦੀ ਮੰਗ ਕੀਤੀ। ਇਸਤੇ ਕਾਰਜਕਾਰੀ ਮੇਅਰ-ਕਮ-ਸੀਨੀਅਰ ਡਿਪਟੀ ਮੇਅਰ ਨੇ ਦਸਿਆ ਕਿ ਜੋ ਵਿਕਾਸ ਦੇ ਕੰਮ ਮਿਤੀ 23.08.2024 ਦੀ ਮੀਟਿੰਗ ਦੌਰਾਨ ਪੈਡਿੰਗ ਰੱਖੇ ਗਏ ਸਨ, ਉਹ ਕੰਮ ਮਿਤੀ 30.10.2024 ਦੀ ਮੀਟਿੰਗ ਵਿੱਚ ਹਾਊਸ ਵੱਲੋਂ ਸਰਵ-ਸੰਮਤੀ ਨਾਲ ਪਾਸ ਕਰ ਦਿੱਤੇ ਗਏ ਹਨ। ਸ਼੍ਰੀ ਜਸਵੀਰ ਸਿੰਘ ਜੱਸਾ, ਕੌਂਸਲਰ ਨੇ ਕਿਹਾ ਕਿ ਪਿਛਲੇ ਲਗਭਗ ਡੇਢ ਮਹੀਨੇ ਤੋਂ ਲੋਕਾਂ ਦੇ ਘਰਾਂ ਵਿੱਚੋਂ ਕੂੜਾ ਨਹੀਂ ਚੁੱਕਿਆ ਜਾ ਰਿਹਾ ਸੀ। ਉਹਨਾ ਇਸ ਸਮੇਂ ਦੇ ਬਣਦੇ ਗਾਰਬੇਜ਼ ਕੁਲੈਕਸ਼ਨ ਚਾਰਜਿਜ਼ ਮਾਫ ਕਰਨ ਦੀ ਮੰਗ ਕੀਤੀ। ਇਸਤੇ ਕਾਰਜਕਾਰੀ ਮੇਅਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਸਾਰੇ ਸ਼ਹਿਰ ਦਾ ਕੂੜਾ ਨਗਰ ਨਿਗਮ ਦੀਆਂ ਟ੍ਰੈਕਟਰ ਟਰਾਲੀਆਂ ਤੋਂ ਇਲਾਵਾ ਕਿਰਾਏ ਤੇ ਟ੍ਰੈਕਟਰ ਟਰਾਲੀਆਂ ਲੈ ਕੇ ਅਤੇ 150 ਸਫਾਈ ਵਰਕਰ ਹੋਰ ਨਵੇਂ ਰੱਖ ਕੇ ਚੁੱਕਵਾਇਆ ਗਿਆ ਹੈ। ਜੇਕਰ ਉਕਤ ਅਨੁਸਾਰ ਮਾਫੀ ਦਿੱਤੀ ਜਾਂਦੀ ਹੈ ਤਾਂ ਨਗਰ ਨਿਗਮ ਨੂੰ ਤਿੰਨ ਮਾਰਾਂ ਪੈਣਗੀਆਂ, ਜਿੰਨ੍ਹਾਂ ਵਿੱਚ 150 ਨਵੇਂ ਸਫਾਈ ਵਰਕਰ ਰੱਖਣ, ਦੂਸਰਾ ਟ੍ਰੈਕਟਰ ਟਰਾਲੀਆਂ ਕਿਰਾਏ ਤੇ ਲੈਣ ਅਤੇ ਤੀਸਰਾ ਗਾਰਬੇਜ਼ ਕੁਲੈਕਸ਼ਨ ਚਾਰਜਿਜ਼ ਮਾਫ

ਕਰਨ ਦੀ ਮਾਰ ਸ਼ਾਮਲ ਹੈ। ਇਸ ਲਈ ਗਾਰਬੇਜ਼ ਕੂਲੈਕਸ਼ਨ ਚਾਰਜ਼ਿਜ਼ ਮਾਫ ਕਰਨਾ ਤਰਕਸੰਗਤ ਨਹੀਂ ਹੈ। ਸ੍ਰੀ ਜਸਵੀਰ ਸਿੰਘ ਜੱਸਾ, ਕੌਂਸਲਰ ਨੇ ਆਪਣੇ ਵਾਰਡ ਵਿੱਚ ਡੀ-ਸਿਲਟਿੰਗ ਕਰਵਾਉਣ ਦੀ ਮੰਗ ਤੇ ਹਾਊਸ ਵਿੱਚ ਮੌਜੂਦ ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਦੇ ਨੁਮਾਇੰਦਿਆਂ ਨੂੰ ਹਦਾਇਤ ਕੀਤੀ ਗਈ ਕਿ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਉਹਨਾਂ ਇਹ ਵੀ ਦਸਿਆ ਕਿ ਸ਼ਹਿਰ ਵਿੱਚ ਸੀਵਰੇਜ਼ ਸਬੰਧੀ ਆ ਰਹੀਆਂ ਦਿੱਕਤਾਂ ਨੂੰ ਦੇਖਦੇ ਹੋਏ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਦੋ ਜੈਟਿੰਗ ਮਸ਼ੀਨਾਂ ਅਤੇ ਚਾਰ ਗਰੇਬ ਬਕੱਟ ਮਸ਼ੀਨਾਂ ਖਰੀਦੀਆਂ ਜਾ ਰਹੀਆਂ ਹਨ। ਇਸ ਨਾਲ ਸ਼ਹਿਰ ਵਿੱਚ ਸੀਵਰੇਜ਼ ਦੀ ਸਫਾਈ ਚੰਗੇ ਤਰੀਕੇ ਨਾਲ ਕੀਤੀ ਜਾ ਸਕੇਗੀ।

ਸ਼੍ਰੀ ਵਿਕਰਮ ਕ੍ਰਾਂਤੀ, ਕੌਂਸਲਰ ਨੇ ਵਾਰਡ ਨੰਬਰ 18 ਦੇ ਬਲਰਾਜ ਨਗਰ ਦੀ ਗਲੀ ਨੰਬਰ 3 ਵਿੱਚ ਡੀ-ਸਿਲਟਿੰਗ ਕਰਵਾਉਣ ਦੀ ਮੰਗ ਕੀਤੀ। ਉਹਨਾਂ ਦਸਿਆ ਕਿ ਸ਼ਹੀਦ ਉਧਮ ਸਿੰਘ ਨਗਰ, ਗਲੀ ਨੰਬਰ 22 ਵਿਖੇ ਪਾਈਪ ਲਾਈਨ ਬੈਠ ਚੁੱਕੀ ਹੈ। ਉਹਨਾਂ ਜਲਦ ਤੋਂ ਜਲਦ ਇਸ ਸਮੱਸਿਆ ਦਾ ਹੱਲ ਕਰਨ ਦੀ ਮੰਗ ਕੀਤੀ। ਇਸਤੇ ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਦੇ ਨੁਮਾਇੰਦੇ ਵੱਲੋਂ ਦਸਿਆ ਗਿਆ ਕਿ ਬਣਦੀ ਕਾਰਵਾਈ ਕੀਤੀ ਜਾ ਰਹੀ ਹੈ। ਅਗਲੇ 48 ਘੰਟਿਆਂ ਦੋਰਾਨ ਸਮੱਸਿਆ ਦਾ ਹੱਲ ਕਰ ਦਿੱਤਾ ਜਾਵੇਗਾ।ਸ਼੍ਰੀ ਵਿਕਰਮ ਕ੍ਰਾਂਤੀ, ਕੌਂਸਲਰ ਨੇ ਕਿਹਾ ਕਿ ਵੇਰਕਾ ਪਾਰਕ ਵਿੱਚ ਲੱਗੇ ਪੁਰਾਣੇ ਝੂਲਿਆਂ ਅਤੇ ਜਿੰਮ ਦੀ ਥਾਂ ਤੇ ਨਵੇਂ ਝੂਲੇ ਅਤੇ ਜਿੰਮ ਲਗਾਇਆ ਜਾਵੇ ਅਤੇ ਇਸ ਪਾਰਕ ਵਿੱਚ ਨਵੀਆਂ ਲਾਈਟਾਂ ਵੀ ਲਗਾਈਆਂ ਜਾਣ। ਉਹਨਾਂ ਦਸਿਆ ਕਿ ਵੇਰਕਾ ਪਲਾਂਟ ਵਿੱਚੋਂ ਰੋਜ਼ਾਨਾ ਤਿੰਨ ਵਜੇ ਤੋਂ ਬਾਅਦ ਬਹੁਤ ਹੀ ਜਿਆਦਾ ਗੰਦੀ ਬਦਬੂ ਨਿਕਲਣ ਕਾਰਨ ਉਸ ਜਗ੍ਹਾ ਰਹਿ ਰਹੇ ਵਸਨੀਕਾਂ ਨੂੰ ਬਹੁਤ ਜਿਆਦਾ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਇਸ ਸਬੰਧੀ ਪੰਜਾਬ ਪੌਲੂਸ਼ਨ ਕੰਟਰੋਲ ਬੋਰਡ ਨਾਲ ਤਾਲਮੇਲ ਕਰਕੇ ਸਮੱਸਿਆ ਦਾ ਹੱਲ ਕੀਤਾ ਜਾਵੇਗਾ। ਸ਼੍ਰੀ ਵਿਕਰਮ ਕ੍ਰਾਂਤੀ, ਕੌਂਸਲਰ ਨੇ ਕਿਹਾ ਕਿ ਮਿਤੀ 20.03.2023 ਦੀ ਜਨਰਲ ਹਾਊਸ ਦੀ ਮੀਟਿੰਗ ਦੋਰਾਨ ਬਲਰਾਜ ਨਗਰ ਦੀਆਂ ਗਲੀਆਂ ਦੇ ਕੰਮ ਕਰਾਉਣਾ ਪਾਸ ਕੀਤਾ ਗਿਆ ਸੀ। ਪਰੰਤੂ ਅਜੇ ਤੱਕ ਕੰਮ ਸ਼ੁਰੂ ਹੀ ਨਹੀਂ ਕੀਤਾ ਗਿਆ। ਉਹਨਾਂ ਇਸ ਸਬੰਧੀ ਜਲਦ ਤੋਂ ਜਲਦ ਅਮਲੀ ਜਾਮਾ ਪਹਿਨਾਉਣ ਦੀ ਮੰਗ ਕੀਤੀ।

ਸ਼੍ਰੀ ਆਤਮਾ ਸਿੰਘ, ਕੌਂਸਲਰ ਨੇ ਕਿਹਾ ਕਿ ਇਹ ਬੜੀ ਹੀ ਖੁਸ਼ੀ ਦੀ ਗੱਲ ਹੈ ਕਿ ਮਾਲ ਰੋਡ ਤੇ ਜੋ ਨਜਾਇਜ ਫਰੂਟ ਬਾਜਾਰ ਬਣਾਇਆ ਗਿਆ ਸੀ, ਉਹ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਦੇ ਯਤਨਾਂ ਨਾਲ ਹਟਾਇਆ ਗਿਆ ਹੈ। ਪਰੰਤੂ ਕਿਸੇ ਨੇ ਵੀ ਕਮਿਸ਼ਨਰ ਸਾਹਿਬ ਦਾ ਧੰਨਵਾਦ ਨਹੀਂ ਕੀਤਾ। ਇਸ ਤੋਂ ਇਲਾਵਾ ਉਸ ਸਮੇਂ ਕੋਈ ਵੀ ਕੌਂਸਲਰ ਸਾਹਿਬਾਨ, ਕਮਿਸ਼ਨਰ ਸਾਹਿਬ ਦੇ ਨਾਲ ਨਹੀਂ ਸੀ। ਉਹਨਾਂ ਫਰੂਟ ਮੰਡੀ ਦੀ ਤਰਜ਼ ਤੇ ਆਰਿਆ ਸਮਾਜ ਚੌਂਕ ਤੋਂ ਲੈ ਕੇ ਕਿਲਾ ਮੁਬਾਰਕ, ਗੁਰਦੁਆਰਾ ਸਾਹਿਬ ਤੱਕ ਜਾਂਦੀ ਸੜ੍ਹਕ ਵੀ ਚੌੜੀ ਕਰਨ ਦੀ ਮੰਗ ਕੀਤੀ। ਉਹਨਾਂ ਇਹ ਵੀ ਦਸਿਆ ਕਿ ਉਕਤ ਫਰੂਟ ਮੰਡੀ ਵਾਲੀ ਜਗ੍ਹਾ ਤੇ ਕਈ ਲੋਕਾਂ ਵੱਲੋਂ ਰੇਹੜੀਆਂ ਖੜੀਆਂ ਕਰ ਲਈਆਂ ਹਨ। ਉਹਨਾਂ ਇਹ ਵੀ ਦਸਿਆ ਕਿ ਮਾਲ ਰੋਡ ਤੇ ਸਰਕਾਰੀ ਸਕੂਲ ਦੇ ਕੋਲ ਰੇਹੜੀਆਂ ਖੜੀਆਂ ਹੋਣ ਕਾਰਨ ਸਕੂਲ ਦੀ ਛੁੱਟੀ ਸਮੇਂ ਟ੍ਰੈਫਿਕ ਦਾ ਬਹੁਤ ਹੀ ਬੁਰਾ ਹਾਲ ਹੁੰਦਾ ਹੈ। ਉਹਨਾਂ ਇਸ ਸਬੰਧੀ ਤੁਰੰਤ ਕਾਰਵਾਈ ਕਰਨ ਦੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਸਿਰਫ ਰੇਹੜੀਆਂ ਵਾਲਿਆਂ ਨੂੰ ਪਾਸੇ ਕਰਨਾ ਹੀ ਹੱਲ ਨਹੀਂ ਹੈ। ਕਈ ਦੁਕਾਨਦਾਰਾਂ ਵੱਲੋਂ ਵੀ ਆਪਣਾ ਸਮਾਨ ਫੁੱਟਪਾਥ ਤੇ ਰੱਖਿਆ ਹੋਇਆ ਹੈ। ਇਹਨਾਂ ਬਾਜਾਰਾਂ ਅਣਅਧਿਕਾਰਤ ਤੋਰ ਤੇ ਕੀਤੇ ਕਬਜੇ ਹਟਵਾਉਣ ਲਈ ਕੌਂਸਲਰ ਸਾਹਿਬਾਨ ਦੀ ਹਾਜ਼ਰੀ ਵੀ ਜਰੂਰੀ ਹੈ। ਇਹ ਯੋਗ ਹੋਵੇਗਾ ਕਿ ਪਹਿਲਾਂ ਸਾਰੇ ਬਾਜਾਰਾਂ ਵਿੱਚ ਦੁਕਾਨਦਾਰਾਂ ਨੂੰ ਵਾਰਨਿੰਗ ਦਿੱਤੀ ਜਾਵੇ ਕਿ ਉਹ ਨਜਾਇਜ ਤੋਰ ਤੇ ਕੀਤੇ ਕਬਜੇ ਹਟਾ ਲੈਣ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਨਗਰ ਨਿਗਮ ਵੱਲੋਂ ਬਣਦੀ ਕਾਰਵਾਈ ਕੀਤੀ ਜਾਵੇ।

ਸ਼੍ਰੀ ਸੰਦੀਪ ਕੁਮਾਰ, ਕੌਂਸਲਰ ਨੇ ਕਿਹਾ ਕਿ ਉਹਨਾਂ ਵੱਲੋਂ ਪਿਛਲੀ ਮੀਟਿੰਗ ਵਿੱਚ ਵੀ ਕਿਹਾ ਗਿਆ ਸੀ ਕਿ ਕਿਲਾ ਮੁਬਾਰਕ ਗੁਰਦੁਆਰਾ ਸਾਹਿਬ ਪਾਸ ਪੇਚ ਵਰਕ ਕਰਨ ਲਈ ਕਿਹਾ ਸੀ, ਪਰੰਤੂ ਇਹ ਕੰਮ ਅਜੇ ਤੱਕ ਨਹੀਂ ਕੀਤਾ ਗਿਆ। ਵਾਰ-ਵਾਰ ਸਬੰਧਤ ਜੂਨੀਅਰ ਇੰਜੀਨੀਅਰ ਨੂੰ ਕਹਿਣ ਦੇ ਬਾਵਜੂਦ ਵੀ ਉਸ ਵੱਲੋਂ ਕੰਮ ਨਹੀਂ ਕਰਵਾਇਆ ਜਾ ਰਿਹਾ। ਉਹਨਾਂ ਦਸਿਆ ਕਿ ਭਾਈ ਕਾ ਮੁੱਹਲਾ ਵਿਖੇ ਪਾਣੀ ਦੀ ਲੀਕੇਜ਼ ਹੋਣ ਕਾਰਨ ਪੇਚ ਵਰਕ ਦਾ ਕੰਮ ਅਧੂਰਾ ਹੀ ਛੱਡ ਦਿੱਤਾ ਸੀ, ਜੋ ਕਿ ਅਜੇ ਤੱਕ ਪੂਰਾ ਨਹੀਂ ਕੀਤਾ ਗਿਆ। ਉਹਨਾਂ ਇਹ ਵੀ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਖਾਸ ਤੋਰ ਤੇ ਬੱਸ ਸਟੈਂਡ ਦੀ ਬੈਕ ਸਾਇਡ ਗਲੀ ਨੰਬਰ 1, ਮਿੰਨੀ ਸਕਤੱਰੇਤ ਰੋਡ ਗਲੀ ਨੰਬਰ 4-5 ਕੋਲ, ਪੰਡਿਤ ਜੇਠੂ ਰਾਮ ਰੋਡ ਤੇ  ਅਤੇ ਕਿਲਾ ਸਾਹਿਬ ਤੋਂ ਪੁਰਾਣਾ ਥਾਣਾ ਵੱਲ ਜਾਂਦੀ ਸੜ੍ਹਕ ਤੇ ਸੀਵਰ ਦੀ ਬਹੁਤ ਹੀ ਜਿਆਦਾ ਸਮੱਸਿਆ ਹੈ। ਸੀਵਰ ਹਰ ਸਮੇਂ ਬਲੋਕ ਹੀ ਰਹਿੰਦੇ ਹਨ। ਉਹਨਾਂ ਇੰਨ੍ਹਾਂ ਥਾਂਵਾਂ ਤੇ ਡੀ-ਸਿਲਟਿੰਗ ਕਰਵਾਉਣ ਅਤੇ ਜਿਸ ਜਗ੍ਹਾ ਪਾਈਪ ਬਦਲਣ ਵਾਲੀ ਹੈ, ਬਦਲਣ ਦੀ ਮੰਗ ਕੀਤੀ। ਉਹਨਾਂ ਕਿਹਾ ਕਿ ਇਸ ਸਮੱਸਿਆ ਬਾਰੇ ਪਿਛਲੇ 3-4 ਸਾਲਾਂ ਤੋਂ ਜਿਕਰ ਕੀਤਾ ਜਾ ਰਿਹਾ ਹੈ। ਪਰੰਤੂ ਕੰਮ ਨਹੀਂ ਕੀਤਾ ਜਾ ਰਿਹਾ। ਉਹਨਾਂ ਇਹ ਵੀ ਦਸਿਆ ਕਿ ਭਲੇਰੀਆਂ ਮੁੱਹਲਾ ਵਿੱਚ ਸੀਵਰ ਵਿੱਚ ਇੱਟਾਂ ਡਿਗੀਆਂ ਪਈਆਂ ਹਨ, ਜਿੰਨਾਂ ਨੂੰ ਕੱਢਿਆ ਨਹੀਂ ਜਾ ਰਿਹਾ। ਉਹਨਾਂ ਦਸਿਆ ਕਿ ਮੁੱਹਲਾ ਮੋਲਵੀਆਂ ਵਾਲਾ, ਮੁੱਹਲਾ ਭਲੇਰੀਆਂ ਅਤੇ ਭਾਈ ਕਾ ਮੁੱਹਲਾ ਅਤੇ ਹੋਰ ਮੁੱਹਲਿਆਂ ਵਿੱਚ ਸੀਵਰ ਬਹੁਤ ਜਿਆਦਾ ਪੁਰਾਣਾ ਪਾਇਆ ਹੋਣ ਕਾਰਨ ਮੇਨਹੋਲ ਦੀ ਕੰਧਾਂ ਦਾ ਪਲਸਤਰ ਉੱਤਰ ਚੁੱਕਿਆ ਹੈ ਅਤੇ ਟ੍ਰੈਫਿਕ ਦੀ ਵਜ੍ਹਾ ਕਾਰਨ ਇਹਨਾਂ ਮੇਨਹੋਲਾਂ ਦੀਆਂ ਇੱਟਾਂ ਸੀਵਰ ਵਿੱਚ ਡਿਗ ਜਾਂਦੀਆਂ ਹਨ। ਜਿਸ ਕਾਰਨ ਸੀਵਰ ਜਾਮ ਰਹਿੰਦਾ ਹੈ। ਇਸਤੇ ਕਾਰਜਕਾਰੀ ਮੇਅਰ, ਨਗਰ ਨਿਗਮ ਬਠਿੰਡਾ ਜੀ ਦੇ ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆ ਨੂੰ ਹਦਾਇਤ ਕੀਤੀ ਕਿ ਉਕਤ ਮੁੱਹਲਿਆਂ ਵਿੱਚ ਸੀਵਰ ਦੀ ਡੀ-ਸਿਲਟਿੰਗ ਕਰਵਾਈ ਜਾਵੇ।

ਸ਼੍ਰੀਮਤੀ ਕਮਲੇਸ਼ ਮਹਿਰਾ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਸ਼ਕਤੀ ਨਗਰ ਵਿਖੇ ਸੀਵਰ ਦੀ ਬਹੁਤ ਹੀ ਜਿਆਦਾ ਸਮੱਸਿਆ ਸੀ, ਜਿਸਦਾ ਸ਼੍ਰੀ ਗੁਰਪ੍ਰੀਤ ਸਿੰਘ ਬੁੱਟਰ, ਨਿਗਮ ਇੰਜੀਨੀਅਰ ਵੱਲੋਂ ਹੱਲ ਕਰ ਦਿੱਤਾ ਗਿਆ ਹੈ। ਉਹਨਾਂ ਇਸ ਸਬੰਧੀ ਨਿਗਮ ਇੰਜੀਨੀਅਰ ਦਾ ਧੰਨਵਾਦ ਕੀਤਾ। ਉਹਨਾਂ ਸ਼੍ਰੀ ਸਤੀਸ਼ ਕੁਮਾਰ, ਚੀਫ ਸੈਨਟਰੀ ਇੰਸਪੈਕਟਰ ਦਾ ਉਹਨਾਂ ਦੇ ਵਾਰਡ ਵਿੱਚ ਵਧੀਆ ਤਰੀਕੇ ਨਾਲ ਸਫਾਈ ਕਰਵਾਉਣ ਤੇ ਧੰਨਵਾਦ ਕੀਤਾ। ਉਹਨਾਂ

ਦਸਿਆ ਕਿ ਡਾ; ਮੇਲਾ ਰਾਮ ਰੋਡ ਅਤੇ ਸੰਤਪੁਰਾ ਰੋਡ ਤੇ ਪਾਣੀ ਅਤੇ ਸੀਵਰ ਦੀਆਂ ਪਾਈਪਾਂ ਪਾਈਆਂ ਜਾਣ। ਉਹਨਾਂ ਇਹ ਵੀ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਵਿਕਾਸ ਦੇ ਕੰਮ ਵਧੀਆ ਤਰੀਕੇ ਨਾਲ ਕਰਵਾਏ ਜਾ ਰਹੇ ਹਨ।

ਸ਼੍ਰੀਮਤੀ ਅਨਿਤਾ ਗੋਇਲ, ਕੋਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਐਸ.ਏ.ਐਸ. ਨਗਰ, ਪ੍ਰਤਾਪ ਨਗਰ ਦੀ ਗਲੀ ਨੰਬਰ 21/4, 21/5, 20/4, 22/1 ਅਤੇ 22/3 ਆਦਿ ਵਿੱਚ ਸੀਵਰ ਦੀ ਬਹੁਤ ਹੀ ਜਿਆਦਾ ਸਮੱਸਿਆ ਆ ਰਹੀ ਹੈ। ਉਹਨਾਂ ਇਹ ਵੀ ਕਿਹਾ ਕਿ ਵਾਰਡ ਦੀਆਂ ਗਲੀਆਂ ਵਿੱਚ ਸਫਾਈ ਦਾ ਵੀ ਬੁਰਾ ਹਾਲ ਹੈ। ਘਰਾਂ ਤੋਂ ਕੂੜ੍ਹਾ ਨਾ ਚੁੱਕੇ ਜਾਣ ਕਾਰਨ ਵੀ ਲੋਕਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਜਲਦ ਤੋਂ ਜਲਦ ਇਹਨਾਂ ਸਮੱਸਿਆਵਾਂ ਦਾ ਹੱਲ ਕਰਨ ਦੀ ਮੰਗ ਕੀਤੀ।

ਸ਼੍ਰੀ ਰੀਨਾ ਗੁਪਤਾ, ਕੋਂਸਲਰ ਨੇ ਕਿਹਾ ਕਿ ਨਵੀਂ ਬਸਤੀ ਦੀ ਗਲੀ ਨੰਬਰ 4 ਵਿੱਚ ਸੀਵਰ ਦੀ ਬਹੁਤ ਹੀ ਜਿਆਦਾ ਸਮੱਸਿਆ ਹੈ। ਉਹਨਾ ਜਲਦ ਤੋਂ ਜਲਦ ਇਸ ਸਮੱਸਿਆ ਦਾ ਹੱਲ ਕਰਨ ਦੀ ਮੰਗ ਕੀਤੀ। ਇਸ ਸਬੰਧੀ ਸੁਪਰ ਸਕੱਰ ਮਸ਼ੀਨ ਦੇ ਨਗਰ ਨਿਗਮ ਤੋਂ ਬਿਨ੍ਹਾਂ ਪੁੱਛੇ ਗਿਦੜਬਾਹਾ ਭੇਜਣ ਅਤੇ ਵਾਰ-ਵਾਰ ਕਹਿਣ ਦੇ ਬਾਵਜੂਦ ਨਾ ਮੰਗਾਉਣ ਸਬੰਧੀ ਪੁੱਛਣ ਤੇ ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਦੇ ਹਾਜ਼ਰ ਅਧਿਕਾਰੀਆਂ ਵੱਲੋਂ ਕੋਈ ਤਸੱਲੀਬਖਸ਼ ਜਵਾਬ ਨਾ ਮਿਲਣ ਤੇ ਕਮਿਸ਼ਨਰ, ਨਗਰ ਨਿਗਮ ਜੀ ਨੇ ਕਿਹਾ ਕਿ ਹਾਊਸ ਦੀ ਮੀਟਿੰਗ ਵਿੱਚ ਕਾਰਜਕਾਰੀ ਇੰਜੀਨੀਅਰ ਅਤੇ ਸਹਾਇਕ ਕਾਰਜਕਾਰੀ ਇੰਜੀਨੀਅਰ ਦੇ ਹਾਜ਼ਰ ਨਾ ਹੋਣ ਕਾਰਨ ਚੀਫ ਸਕੱਤਰ, ਪੰਜਾਬ ਜੀ ਨੂੰ ਬਣਦੀ ਕਾਰਵਾਈ ਕਰਨ ਲਈ ਲਿਖ ਦਿੱਤਾ ਜਾਵੇਗਾ। ਉਹਨਾਂ ਦੋ ਦਿਨਾਂ ਅੰਦਰ ਉਕਤ ਸਮੱਸਿਆ ਦਾ ਹੱਲ ਕਰਨ ਦੀ ਹਦਾਇਤ ਕੀਤੀ। ਸ਼੍ਰੀਮਤੀ ਰੀਨਾ ਗੁਪਤਾ, ਕੋਂਸਲਰ ਨੇ ਦਸਿਆ ਕਿ ਉਹਨਾਂ ਦੇ ਵਾਰਡ ਦੀ ਗਾਂਧੀ ਗਲੀ ਵਿੱਚ ਟਿੱਪਰ ਨਾ ਆਉਣ ਕਾਰਨ ਲੋਕਾਂ ਦੇ ਘਰਾਂ ਦਾ ਕੂੜ੍ਹਾ ਨਹੀਂ ਚੁੱਕਿਆ ਜਾ ਰਿਹਾ। ਉਹਨਾਂ ਜਲਦ ਤੋਂ ਜਲਦ ਇਸ ਸਮੱਸਿਆ ਦਾ ਵੀ ਹੱਲ ਕਰਨ ਦੀ ਮੰਗ ਕੀਤੀ।

ਸ਼੍ਰੀਮਤੀ ਅਮਨਦੀਪ ਕੋਰ, ਕੋਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਦੀ ਗਲੀ ਨੰਬਰ 7/ਜੀ, 7/ਡੀ, 7/7 ਅਤੇ ਕੋਠੇ ਅਮਰਪੁਰਾ ਵਿੱਚ ਸੀਵਰ ਦੀ ਬਹੁਤ ਹੀ ਜਿਆਦਾ ਸਮੱਸਿਆ ਆ ਰਹੀ ਹੈ। ਇਸਤੇ ਕਾਰਜਕਾਰੀ ਮੇਅਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਤਕਰੀਬਨ 1.5 ਕਿਲੋਮੀਟਰ ਦੀ ਪਾਈਪ ਲਾਈਨ ਚੰਦਭਾਨ ਡਰੇਨ ਤੱਕ ਪਾਈ ਜਾ ਰਹੀ ਹੈ। ਇਸ ਪਾਈਪ ਲਾਈਨ ਦੇ ਜੋੜ੍ਹਨ ਉਪਰੰਤ ਸਮੱਸਿਆ ਦਾ ਹੱਲ ਹੋ ਜਾਵੇਗਾ।

ਸ਼੍ਰੀ ਸੁਰੇਸ਼ ਚੋਹਾਨ, ਕੋਂਸਲਰ ਨੇ ਕਿਹਾ ਕਿ ਉਹਨਾਂ ਦੇ 22 ਨੰਬਰ ਵਾਰਡ ਵਿੱਚ ਸੀਵਰ ਖੋਲਣ ਵਾਲੇ ਕਿਸੇ ਵੀ ਕਰਮਚਾਰੀ ਦੀ ਡਿਊਟੀ ਨਾ ਹੋਣ ਕਾਰਨ ਲੋਕਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਸੰਜੇ ਨਗਰ ਵਿੱਚ ਕਿਸੇ ਕਰਮਚਾਰੀ ਦੀ ਡਿਊਟੀ ਲਗਾਉਣ ਦੀ ਮੰਗ ਕੀਤੀ। ਉਹਨਾਂ ਇਹ ਵੀ ਕਿਹਾ ਕਿ ਪਿਛਲੇ ਤਿੰਨ ਮਹੀਨਿਆਂ ਤੋਂ ਆਵਾ ਬਸਤੀ ਵਿਖੇ ਡਾ: ਅਜੈ ਦੇ ਕਲੀਨਿਕ ਪਾਸ ਸੀਵਰ ਨਾ ਖੁੱਲਣ ਕਾਰਨ ਲੋਕਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਕਿਹਸ ਕਿ ਉਹਨਾਂ ਦੇ ਵਾਰਡ ਦੀ ਸੱਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਨਗਰ ਨਿਗਮ ਵੱਲੋਂ ਤਕਰੀਬਨ 4.00 ਕਰੋੜ੍ਹ ਰੁਪਏ ਦੀ ਲਾਗਤ ਅੰਮ੍ਰਿਤ ਸਰੋਵਰ ਬਣਾਇਆ ਗਿਆ ਸੀ। ਪਰੰਤੂ ਇਸ ਵਿੱਚ ਗੰਦੇ ਪਾਣੀ ਦੇ ਛੱਡਣ ਕਾਰਨ ਬਹੁਤ ਹੀ ਬੁਰਾ ਹਾਲ ਹੈ। ਟੋਭੇ ਦੀ ਡੀ-ਸਿਲਟਿੰਗ ਨਹੀਂ ਕੀਤੀ ਜਾ ਰਹੀ। ਉਹਨਾਂ ਕਿਹਾ ਕਿ ਬਲਰਾਜ ਨਗਰ, ਬੰਗੀ ਨਗਰ ਅਤੇ ਸੰਜੇ ਨਗਰ ਵਿੱਚ ਗਰੀਬ ਲੋਕ ਰਹਿੰਦੇ ਹਨ। ਹਵਾ ਦੇ ਚੱਲਣ ਤੇ ਇਸ ਟੋਭੇ ਵਿੱਚੋਂ ਗੰਦੀ ਹਵਾ ਨਿਕਲਣ ਕਾਰਨ ਲੋਕਾਂ ਨੂੰ ਬੀਮਾਰੀਆਂ ਹੋ ਰਹੀਆਂ ਹਨ। ਉਹਨਾਂ ਜਲਦ ਤੋਂ ਜਲਦ ਇਸ ਸਮੱਸਿਆ ਦਾ ਹੱਲ ਕਰਨ ਦੀ ਮੰਗ ਕੀਤੀ। ਇਸਤੇ ਦਸਿਆ ਗਿਆ ਕਿ ਇਸ ਵਿੱਚ ਗੰਦਾ ਪਾਣੀ ਰੇਲਵੇ ਵਿਭਾਗ ਵੱਲੋਂ ਪਾਈ ਗਈ ਪਾਈਪ ਰਾਹੀਂ ਆਇਆ ਹੈ। ਇਸ ਸਬੰਧੀ ਕੰਮ ਰੇਲਵੇ ਵਿਭਾਗ ਵੱਲੋਂ ਕੀਤਾ ਜਾਣਾ ਹੈ। ਉਹਨਾਂ ਦਸਿਆ ਕਿ ਰੇਲਵੇ ਵਿਭਾਗ ਨਾਲ ਇਸ ਸਬੰਧੀ ਤਾਲਮੇਲ ਕੀਤਾ ਜਾ ਰਿਹਾ ਹੈ। ਇਸਤੇ ਸ਼੍ਰੀ ਸੁਰੇਸ਼ ਚੋਹਾਨ, ਕੋਂਸਲਰ ਨੇ ਕਿਹਾ ਕਿ ਹਾਲ ਦੀ ਘੜੀ ਜੈਨਰੇਟਰ ਜਾਂ ਪੰਪ ਆਦਿ ਲਗਾ ਕੇ ਟੋਭੇ ਵਿੱਚੋਂ ਗੰਦਾ ਪਾਣੀ ਬਾਹਰ ਕੱਢਣ ਦਾ ਯਤਨ ਕੀਤਾ ਜਾਵੇ। ਉਹਨਾਂ ਇਹ ਵੀ ਕਿਹਾ ਕਿ ਵਾਰਡ ਨੰਬਰ 22, ਆਵਾ ਬਸਤੀ ਵਿਖੇ ਪਾਣੀ ਦੀ ਸਪਲਾਈ ਦੇ ਕੁਨੈਕਸ਼ਨ ਦੇਣ ਸਮੇਂ ਥਾਂ-ਥਾਂ ਤੋਂ ਸੜ੍ਹਕ ਟੁੱਟ ਚੁੱਕੀ ਹੈ, ਜਿਸਦੀ ਜਲਦ ਤੋਂ ਜਲਦ ਮੁਰਮੰਤ ਕਰਵਾਈ ਜਾਵੇ।

ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਇਹ ਯੋਗ ਹੋਵੇਗਾ ਕਿ OUVGL ਸਕੀਮ ਤਹਿਤ ਸ਼ਹਿਰ ਤੋਂ ਬਾਹਰ 35-40 ਏਕੜ੍ਹ ਜਗ੍ਹਾ ਲੈਣ ਦਾ ਯਤਨ ਕੀਤਾ ਜਾਵੇ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਸ਼ਹਿਰ ਦੇ ਸਾਰੇ ਡੰਪ ਬਾਹਰ ਬਣਾਏ ਜਾ ਸਕਣ ਅਤੇ ਲੋਕਾਂ ਨੂੰ ਕਿਸੇ ਕਿਸਮ ਦੀ ਕੋਈ ਤਕਲੀਫ ਨਾ ਆਵੇ।

**ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਕੀਤੀ ਗਈ।**

**ਏਜੰਡਾ ਨੰਬਰ 1:**

ਜਨਰਲ ਹਾਊਸ ਦੀ ਮੀਟਿੰਗ ਮਿਤੀ 30.10.2024 ਦੀ ਕਾਰਵਾਈ ਦੀ ਪਕਿਆਈ।

| | |
|---|---|
| ਮਤਾ ਨੰਬਰ 386 | **ਜਨਰਲ ਹਾਊਸ ਦੀ ਮੀਟਿੰਗ ਮਿਤੀ 30.10.2024 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।** |

**ਏਜੰਡਾ ਨੰਬਰ 2:**

ਰਿਪੋਰਟ ਵਰਕਸ ਸ਼ਾਖਾ ਕਿ ਕੰਮ: ਆਫ ਮਲਟੀਪਰਪਜ਼ ਆਡੀਟੋਰੀਅਮ ਐਟ ਰੋਜ਼ ਗਾਰਡਨ, ਬਠਿੰਡਾ ਦੇ ਕੰਮ ਦਾ ਵਰਕ ਆਰਡਰ ਨੰਬਰ 199/ਵ ਮਿਤੀ 11.10.2021 ਰਾਹੀਂ Vindhya Telelinks Ltd. ਨੂੰ ਅਲਾਟ ਕੀਤਾ ਹੋਇਆ ਹੈ ਅਤੇ ਫਰਮ ਵੱਲੋਂ ਇਸ ਦਾ ਕੰਮ ਲਗਭਗ ਮੁਕੰਮਲ ਕਰ ਦਿੱਤਾ ਗਿਆ ਹੈ। ਜਿਸਦੀ ਇੰਸਪੈਕਸ਼ਨ ਪੈਡਿੰਗ ਹੈ। ਇੱਥੇ ਦਸਿਆ ਜਾਂਦਾ ਹੈ ਕਿ ਇਸ ਆਡੀਟੋਰੀਅਮ ਵਿੱਚ ਮਹਿੰਗੇ ਆਡਿਓ ਵੀਡਿਓ ਦੇ Equipment ਲਗਾਏ ਗਏ ਹਨ ਅਤੇ ਇਸ ਦੇ ਨਾਲ ਹੀ 837 ਕੁਸ਼ਨ ਵਾਲੀਆਂ ਸੀਟਾਂ ਲਗਾਈਆਂ ਗਈਆਂ ਹਨ ਅਤੇ ਇਸਤੋਂ ਇਲਾਵਾ Acoustic Panel, LED Screen 75", Mineral Fiber Sealing ਆਦਿ ਆਇਟਮਾਂ ਲਗਾਈਆਂ ਗਈਆਂ ਹਨ। ਇਸ ਆਡੀਟੋਰੀਅਮ ਵਾਲੀ ਬਿਲਡਿੰਗ ਦੇ ਨਾਲ ਰੋਜ਼ ਗਾਰਡਨ ਬਣਿਆ ਹੋਇਆ ਹੈ। ਇਸ ਰੋਜ਼ ਗਾਰਡਨ ਵਿੱਚ ਪਹਿਲਾਂ ਤੋਂ ਹੀ ਬਹੁਤ ਵੱਡੇ ਚੂਹੇ ਹਨ। ਹੁਣ ਇਹ ਚੂਹੇ ਆਡੀਟੋਰੀਅਮ ਵਾਲੀ ਬਿਲਡਿੰਗ ਵਿੱਚ ਲੱਗੇ ਸਮਾਨ ਦਾ ਨੁਕਸਾਨ ਕਰ ਰਹੇ ਹਨ। ਇੰਨ੍ਹਾਂ ਚੂਹਿਆਂ ਨਾਲ ਹੋਰ ਸਮਾਨ ਦਾ ਨੁਕਸਾਨ ਹੋਣ ਦਾ ਖਦਸ਼ਾ ਬਣਿਆ ਹੋਇਆ ਹੈ। ਇਸ ਲਈ ਆਡੀਟੋਰੀਅਮ ਵਿੱਚ ਪੈਸਟ ਕੰਟਰੋਲ ਅਤੇ ਰੋਡੈਂਟ ਟਰੀਟਮੈਂਟ ਕਰਵਾਉਣਾ ਅਤਿ ਜਰੂਰੀ ਹੈ। ਇਸ ਤਹਿਤ ਮਾਰਕੀਟ ਰੇਟਾਂ ਤੇ ਕੁਟੈਸ਼ਨਾਂ ਪ੍ਰਾਪਤ ਕੀਤੀਆ ਗਈਆਂ ਹਨ। ਜਿਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1. **BSJ Pest Control**

| S.No. | Treatment | Pest Covered | Frequency | Service Charge Excluding GST |
|---|---|---|---|---|
| 1. | Prophylactic Treatment (By spraying) | Crawling Insect | Half Yearly | @ Rs. 10000/- p.a. |
| 2. | Rodent Management Birds (By Trapping) | Rate, Mice, Bandicoots | Fortnightly | @ 120000/- p.a. |
| 3. | Rodent Box 200 Pcs Required | | | 200x300 = 60000/- one time |
| | Total | | | 190000/- |
| | + 18% GST | | | 34200/- |
| | Grand Total | | | 224200/- |

Product Use for Service:

1. Glue Pad
2. Bromodilone
3. Rat Repllent
4. Herbal spray for wire
5. Zink
6.

2. **All in one Enterprises:**

| S.No. | Description | HSN/SAC | Qty. | Unit | Rate | Amount |
|---|---|---|---|---|---|---|
| 1. | Pest control (Rodent) | 998539 | 12 | Month (4 Services) | 30000/- | 360000/- |
| | GST 18% | | | | | 64800/- |
| | Grand Total | | | | | 424800/- |

3. **ECO Pest Management Services Kharar, Mohali**

| S.No. | Treatment | Pest Covered | Recommended Service frequency per year | Charge per visit | Amount |
|---|---|---|---|---|---|
| 1. | Pest Management | Crawling Insects | Twice in a year | 4000 | 4000 |
| 2. | Pest Management | Flying Insects | Twice in a year | 4000 | 4000 |
| | Rate visit cost | | | | 8000 |
| | Per year cost (2 visit) (a) | | | | 16000 |

## 4. Rodent Management Services

| S.No. | Treatment | Pest Covered | Recommended service frequency per year | Charge per visit | Amount |
|---|---|---|---|---|---|
| 1. | Pest Management | Rats | Twice in a month | 7500 | 7500 |
| | Per visit cost monthly 2 visits | | | | 15000 |
| | Per year cost (24 visits) (b) | | | | 180000 |
| | Total (a+b) | | | | 16000+180000=196000 |
| | GST 18% | | | | 35280 |
| | Grand Total | | | | 231280 |
| | Rodent Box @ 360/- extra per box | | | | |

ਉਕਤ ਅਨੁਸਾਰ ਰੋਡੈਂਟ ਕੰਟਰੋਲ ਕਰਵਾਉਣ ਲਈ ਸੱਭ ਤੋਂ ਘੱਟ 224200/- ਰੁਪਏ BSJ Pest Control ਦੇ ਪ੍ਰਾਪਤ ਹੋਏ ਹਨ। ਉਕਤ ਕੁਟੇਸ਼ਨ ਵਿੱਚ ਫਰਮ ਵੱਲੋਂ ਇੱਕ ਸਾਲ ਦਾ ਰੇਟ ਦਿੱਤਾ ਗਿਆ ਹੈ। ਉਕਤ ਰੇਟਾਂ ਵਿੱਚ Birds, Insects ਅਤੇ Rats ਨੂੰ ਕਵਰ ਕੰਟਰੋਲ ਕੀਤਾ ਜਾਣਾ ਹੈ। ਉਕਤ ਅਨੁਸਾਰ BSJ Pest Control ਤੋਂ ਕੰਮ ਕਰਵਾਉਣ ਅਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਲਈ ਕੇਸ ਹਾਊਸ ਪਾਸ ਪੇਸ਼ ਹੈ ਜੀ।

ਮਤਾ ਨੰਬਰ 387

**ਇਸ ਸਬੰਧੀ ਵਚਾਰ ਵਟਾਂਦਰਾ ਕਰਨ ਤੇ ਦਸਿਆ ਗਿਆ ਕਿ ਮਾਨਯੋਗ ਮੁੱਖ ਮੰਤਰੀ, ਪੰਜਾਬ ਸ਼੍ਰੀ ਭਗਵੰਤ ਸਿੰਘ ਮਾਨ ਜੀ ਵੱਲੋਂ ਆਡੀਟੋਰੀਅਮ ਦਾ ਉਦਘਾਟਨ ਕਰਨ ਤੋਂ ਪਹਿਲਾਂ ਨਗਰ ਨਿਗਮ ਵੱਲੋਂ ਟਰਾਇਲ ਬੇਸਿਸ ਤੇ ਆਡੀਟੋਰੀਅਮ ਟੇਕ ਓਵਰ ਕਰਨ ਸਮੇਂ ਧਿਆਨ ਵਿੱਚ ਆਇਆ ਕਿ ਇਸ ਆਡੀਟੋਰੀਅਮ ਦੇ ਪਾਸ ਰੋਜ਼ ਗਾਰਡਨ ਦੇ ਹੋਣ ਕਾਰਨ, ਲੋਕ ਉੱਥੇ ਪੰਛਿਆ ਨੂੰ ਦਾਣਾ ਪਾਉਣ ਲਈ ਆਉਂਦੇ ਹਨ, ਜਿਸ ਨਾਲ ਚੂਹੇ ਵੀ ਵੱਡੀ ਗਿਣਤੀ ਵਿੱਚ ਹੋ ਰਹੇ ਹਨ ਅਤੇ ਆਡੀਟੋਰੀਅਮ ਦਾ ਨੁਕਸਾਨ ਕਰ ਸਕਦੇ ਹਨ। ਇਸਤੋਂ ਇਲਾਵਾ ਨਾਟਕ ਦੇਖਣ ਆਏ ਲੋਕਾਂ ਵੱਲੋਂ ਆਪਣੇ ਨਾਲ ਖਾਣਪੀਣ ਦਾ ਸਮਾਨ ਲਿਆਉਣ ਕਾਰਨ ਵੀ ਚੂਹੇ ਵੱਡੀ ਮਾਤਰਾ ਵਿੱਚ ਉੱਥੇ ਹੋ ਰਹੇ ਹਨ। ਇਸ ਲਈ ਇਹਨਾਂ ਚੂਹਿਆਂ ਅਤੇ ਕੀੜੇ ਮਕੌੜਿਆਂ ਤੋਂ ਬਚਣ ਖਾਤਰ ਹੇਠ ਅਨੁਸਾਰ ਤਖਮੀਨਾ ਪਾਸ ਕੀਤਾ ਜਾਂਦਾ ਹੈ:**

1. **BSJ Pest Control (lowest rate quoted bidder)**

**Scope of Service**

| Sr No. | Treatment | Pest Covered | Frequency | Service Charge Excluding GST |
|---|---|---|---|---|
| 1. | Prophylactic Treatment (by spraying) | Crawling insect | Monthly | @10000/-PA |
| 2. | Rodent Management (by trapping) (change using Gum Mates) | Rat, Mice, Bandicoots | daily | @120000/-PA |
| 3. | Rodent Box 200 PC Required | | | 200 @300= 60000/- one time |
| | Total | | | 190000/- |
| | +18% GST | | | 34200/- |
| | Grand Total | | | 224200/- |

<u>ਏਜੰਡਾ ਨੰਬਰ 3:</u>

ਰਿਪੋਰਟ ਵਰਕਸ ਸ਼ਾਖਾ ਕਿ ਕੰਸ: ਆਫ ਮਲਟੀਪਰਪਜ਼ ਆਡੀਟੋਰੀਅਮ ਐਟ ਰੋਜ਼ ਗਾਰਡਨ, ਬਠਿੰਡਾ ਦੇ ਕੰਮ ਦਾ ਵਰਕ ਆਰਡਰ ਨੰਬਰ 199/ਵ ਮਿਤੀ 11.10.2021 ਰਾਹੀਂ Vindhya Telelinks Ltd. ਨੂੰ ਅਲਾਟ ਕੀਤਾ ਹੋਇਆ ਹੈ ਅਤੇ ਫਰਮ ਵੱਲੋਂ ਇਸ ਦਾ ਕੰਮ ਲਗਭਗ ਮੁਕੰਮਲ ਕਰ ਦਿੱਤਾ ਗਿਆ ਹੈ। ਮਿਤੀ 25.10.2024 ਨੂੰ ਮਾਨਯੋਗ ਮੁੱਖ ਮੰਤਰੀ, ਪੰਜਾਬ ਸ੍ਰ: ਭਗਵੰਤ ਸਿੰਘ ਮਾਨ ਜੀ ਵੱਲੋਂ ਆਡੀਟੋਰੀਅਮ ਦਾ ਉਦਘਾਟਨ ਕੀਤਾ ਗਿਆ ਸੀ। ਇਸ ਆਡੀਟੋਰੀਅਮ ਵਿੱਚ ਮਿਤੀ 02.11.2024 ਨੂੰ ਨਾਟਕ ਦਾ ਪ੍ਰੋਗਰਾਮ ਕੀਤਾ ਜਾਣਾ ਹੈ। ਜਿਲ੍ਹਾ ਭਾਸ਼ਾ ਅਫਸਰ ਵੱਲੋਂ ਅਤੇ ਮਾਨਯੋਗ ਡਿਪਟੀ ਕਮਿਸ਼ਨਰ, ਬਠਿੰਡਾ ਜੀ ਵੱਲੋਂ ਵਿਜ਼ਿਟ ਕੀਤੀ ਗਈ ਸੀ। ਇਸ ਦੋਰਾਨ ਜਿਲ੍ਹਾ ਭਾਸ਼ਾ ਅਫਸਰ ਵੱਲੋਂ ਅਤੇ ਮਾਨਯੋਗ ਡਿਪਟੀ ਕਮਿਸ਼ਨਰ, ਬਠਿੰਡਾ ਜੀ ਵੱਲੋਂ ਸਟੇਜ਼ ਤੇ ਹੋਰ ਲਾਈਟਿੰਗ ਲਗਵਾਉਣ ਲਈ ਹਦਾਇਤ ਕੀਤੀ ਗਈ ਹੈ ਤਾਂ ਜੋ ਥਿਏਟਰ ਤੇ ਕਲਾਕਾਰਾਂ ਨੂੰ ਕੋਈ ਪਰੇਸ਼ਾਨੀ ਨਾ ਆਵੇ।

ਇਸ ਸਬੰਧੀ ਦਸਿਆ ਜਾਂਦਾ ਹੈ ਕਿ ਆਡੀਟੋਰੀਅਮ ਵਿੱਚ ਲਾਈਟਿੰਗ ਦਾ ਹੋਰ ਪ੍ਰਬੰਧ ਕਰਨ ਲਈ ਸਟੇਜ਼ ਤੇ ਲੱਗੀਆਂ ਹੋਈਆਂ ਲਾਈਟਾਂ ਦੀ ਮੌਜੂਦਾ ਗਿਣਤੀ ਵਿੱਚ ਹੋਰ ਵਾਧਾ ਕਰਨਾ ਪਵੇਗਾ। ਇਸ ਲਈ ਜਿਸ ਕੰਪਨੀ ਦੀਆਂ ਪਹਿਲਾਂ ਸਟੇਜ਼ ਲਾਈਟਾਂ ਲੱਗੀਂ ਹੋਈਆਂ ਹਨ, ਉਸੇ ਕੰਪਨੀ ਦੀਆਂ ਹੋਰ ਲਾਈਟਾਂ ਲਗਵਾਈਆਂ ਜਾਣੀਆਂ ਹਨ। ਇੱਥੇ ਇਹ ਸਪਸ਼ਟ ਕੀਤਾ ਜਾਦਾ ਹੈ ਕਿ ਜੋ ਲਾਈਟਾਂ ਮਾਨਯੋਗ ਡਿਪਟੀ ਕਮਿਸ਼ਨਰ ਸਾਹਿਬ ਅਤੇ ਜਿਲ੍ਹਾ ਭਾਸ਼ਾ ਅਫਸਰ ਵੱਲੋਂ ਕਹੀਆਂ ਗਈਆਂ ਹਨ, ਉਨ੍ਹਾਂ ਦੀ ਤਜਵੀਜ ਤਖਮੀਨਾ ਵਿੱਚ ਹੈ ਪਰੰਤੂ ਤਖਮੀਨੇ ਅਨੁਸਾਰ ਲਾਈਟਾਂ ਪਹਿਲਾਂ ਹੀ ਲਗਾ ਦਿੱਤੀਆਂ ਗਈਆਂ ਹਨ। ਪਰੰਤੂ ਹੋਈ ਹਦਾਇਤਾਂ ਅਨੁਸਾਰ ਇੰਨ੍ਹਾਂ ਲਾਈਟਾਂ ਦੀ ਗਿਣਤੀ ਵਿੱਚ ਵਾਧਾ ਹੋਵੇਗਾ। ਇਸ ਲਈ ਉਕਤ ਲਾਈਟਾਂ ਲਈ ਪ੍ਰਾਪਤ ਰੇਟਾਂ ਅਨੁਸਾਰ ਕੁੱਲ 19,33,820/- ਰੁਪਏ ਸਮੇਤ 18% ਜੀ.ਐਸ.ਟੀ. ਕੁੱਲ 22,81,907/- ਰੁਪਏ ਦਾ ਵਾਧਾ ਹੋਵੇਗਾ। ਇੱਥੇ ਇਹ ਵੀ ਆਪਜੀ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਇਹ ਲਾਈਟਾਂ ਤਖਮੀਨੇ ਵਿੱਚ ਦਰਜ਼ ਹਨ, ਜਿਸਦਾ ਕੁੱਲ ਖਰਚਾ 18.96 ਲੱਖ ਰੁਪਏ ਬਣਦਾ ਹੈ। ਇੱਥੇ ਇਹ ਵੀ ਦਸਿਆ ਜਾਂਦਾ ਹੈ ਕਿ ਉਕਤ ਤਖਮੀਨੇ ਵਿੱਚ ਪਹਿਲਾਂ ਹੀ 10% ਦੇ ਵਾਧੇ ਨਾਲ ਪ੍ਰਵਾਨਗੀ ਲਈ ਗਈ ਸੀ। ਉਸ ਤੋਂ ਬਾਅਦ ਵੀ ਤਖਮੀਨਾ ਰਾਸ਼ੀ ਵਿੱਚ ਹੋਰ ਵਾਧਾ ਹੋਣਾ ਸੰਭਵ ਹੈ। ਉਕਤ ਕੰਮ ਦਾ ਅਜੇ ਤੱਕ ਫਾਈਨਲ ਬਿੱਲ ਨਹੀਂ ਬਣਿਆ ਹੈ। ਫਾਈਨਲ ਬਿੱਲ ਬਨਾਉਣ ਤੇ ਹੋਏ ਵਾਧੇ ਦੀ ਪ੍ਰਵਾਨਗੀ ਮਾਨਯੋਗ ਜਨਰਲ ਹਾਊਸ ਪਾਸੋਂ ਲਈ ਜਾਵੇਗੀ। ਤੱਦ ਤੱਕ ਉਕਤ ਹੋਈਆਂ ਹਦਾਇਤਾਂ ਅਨੁਸਾਰ ਲਾਈਟਾਂ ਲਗਾਉਣ ਦੀ ਪ੍ਰਵਾਨਗੀ ਦਿੱਤੀ ਜਾਵੇ। ਕੇਸ ਹਾਊਸ ਦੀ ਪ੍ਰਵਾਨਗੀ ਹਿੱਤ।

| | |
|---|---|
| **ਮਤਾ ਨੰਬਰ 388** | **ਪ੍ਰਵਾਨ ਹੈ।** |

ਸ਼੍ਰੀ ਆਤਮਾ ਸਿੰਘ, ਕੌਂਸਲਰ ਨੇ ਕਿਹਾ ਕਿ ਆਡੀਟੋਰੀਅਮ ਵਿੱਚ ਲਾਈਟਾਂ ਦੀ ਗਿਣਤੀ ਵਿੱਚ ਵਾਧਾ ਕਰ ਲਿਆ ਜਾਵੇ। ਉਹਨਾਂ ਕਿਹਾ ਕਿ ਵਾਰਡ ਵਿੱਚ ਕਿਸੇ ਜਗ੍ਹਾ ਲਾਈਟ ਲਗਾਉਣ ਖਾਤਰ ਉਹਨਾਂ ਨੂੰ 18 ਵਾਟ ਦੀ ਇੱਕ ਲਾਈਟ ਵੀ ਮੁੱਹਈਆ ਨਹੀਂ ਕਰਵਾਈ ਜਾਂਦੀ। ਜੇਕਰ 10 ਲਾਈਟਾਂ ਦੀ ਮੰਗ ਕੀਤੀ ਜਾਂਦੀ ਹੈ ਤਾਂ ਮੁਸ਼ਕਿਲ ਨਾਲ ਸਿਰਫ ਇੱਕ ਹੀ ਲਾਈਟ ਦਿੱਤੀ ਜਾਂਦੀ ਹੈ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਹਰੇਕ ਕੌਂਸਲਰ ਸਾਹਿਬਾਨ ਵੱਲੋਂ ਆਪਣੇ ਵਾਰਡ ਵਿਖੇ Dark Spots ਬਾਰੇ ਦਸਿਆ ਜਾਵੇ ਤਾਂ ਜੋ ਲੋੜ੍ਹ ਅਨੁਸਾਰ ਲਾਈਟਾਂ ਦੀ ਕਮੀ ਪੂਰੀ ਕੀਤੀ ਜਾ ਸਕੇ।

ਸ਼੍ਰੀ ਸੰਦੀਪ ਕੁਮਾਰ, ਕੌਂਸਲਰ ਨੇ ਕਿਹਾ ਕਿ ਆਡੀਟੋਰੀਅਮ ਨਗਰ ਨਿਗਮ ਵੱਲੋਂ ਬਣਾਇਆ ਗਿਆ ਹੈ। ਪਰੰਤੂ ਕਿਸੇ ਵੀ ਕੌਂਸਲਰ ਨੂੰ ਆਪਣੇ ਪਰਿਵਾਰ ਨਾਲ ਇਸ ਵਿੱਚ ਜਾਣ ਲਈ ਪਾਸ ਨਹੀਂ ਦਿੱਤਾ ਜਾਂਦਾ। ਉਹਨਾਂ ਇਸ ਆਡੀਟੋਰੀਅਮ ਵਿੱਚ ਹੋਣ ਵਾਲੇ ਫੰਕਸ਼ਨਾਂ ਸਮੇਂ ਹਰੇਕ ਕੌਂਸਲਰ ਸਾਹਿਬਾਨ ਨੂੰ ਪਾਸ ਦੇਣ ਦੀ ਮੰਗ ਕੀਤੀ। ਇਸਤੇ ਪਾਸ ਕੀਤਾ ਗਿਆ ਕਿ ਹਰੇਕ ਕੌਂਸਲਰ ਸਾਹਿਬਾਨ ਨੂੰ ਹਰ ਫੰਕਸ਼ਨ ਸਮੇਂ ਦੋ ਪਾਸ ਮੁੱਹਈਆ ਕਰਵਾਏ ਜਾਣਗੇ।

**<u>ਏਜੰਡਾ ਨੰਬਰ 4:</u>**

ਰਿਪੋਰਟ ਵਰਕਸ ਸ਼ਾਖਾ ਕਿ ਨਗਰ ਨਿਗਮ ਵੱਲੋਂ ਮਤਾ ਨੰਬਰ 156 ਮਿਤੀ 20.03.2023 ਰਾਹੀਂ ਆਪਣਾ ਨਵਾਂ ਦਫਤਰ ਸਿਵਲ ਲਾਈਨ ਏਰੀਆ ਵਿਖੇ ਬਨਾਉਣ ਦੀ ਪ੍ਰਵਾਨਗੀ ਦਿੱਤੀ ਗਈ ਹੈ। ਨਗਰ ਨਿਗਮ ਦੇ ਨਵੇਂ ਦਫਤਰ ਲਈ ਬਠਿੰਡਾ ਡਿਵੈਲਪਮੈਂਟ ਅਥਾਰਟੀ (ਬੀ.ਡੀ.ਏ.) ਵੱਲੋਂ ਪੰਜਾਬ ਸਰਕਾਰ ਦੀ ਮਾਲਕੀ ਵਾਲੀ ਕੋਠੀ ਨੰਬਰ ਡੀ-14 ਅਤੇ ਡੀ-15 ਨੇੜੇ ਪੁਰਾਣੀ ਤਹਿਸੀਲ ਬਠਿੰਡਾ ਵਿਖੇ 5000 ਵ: ਗਜ਼ ਜਗ੍ਹਾ ਰਾਖਵੀਂ ਕੀਤੀ ਗਈ ਹੈ। ਨਗਰ ਨਿਗਮ ਵੱਲੋਂ ਨਵੇਂ ਦਫਤਰ ਵਾਲੀ ਜਗ੍ਹਾ ਦੇ ਤਬਾਦਲੇ ਵੱਜੋਂ ਬਲੂ ਫੌਕਸ ਦੇ ਨਾਲ ਲੱਗਦੀ ਜਗ੍ਹਾ ਵਿੱਚੋਂ ਕੂਲੈਕਟਰ ਰੇਟਾਂ ਦੇ ਆਧਾਰ ਤੇ ਬਰਾਬਰ ਜਗ੍ਹਾ ਦਾ ਤਬਾਦਲਾ ਕੀਤਾ ਜਾਣਾ ਹੈ। ਸੋ ਕੂਲੈਕਟਰ ਰੇਟਾਂ ਅਤੇ ਜਗ੍ਹਾ ਦੇ ਵੇਰਵਿਆਂ ਸਬੰਧੀ ਰਿਪੋਰਟ ਮਾਨਯੋਗ ਡਿਪਟੀ ਕਮਿਸ਼ਨਰ ਜੀ ਦੀਆਂ ਹਦਾਇਤਾਂ ਅਨੁਸਾਰ ਦਫਤਰ ਡਿਪਟੀ ਕਮਿਸ਼ਨਰ ਬਠਿੰਡਾ ਜੀ ਤੋਂ ਪ੍ਰਾਪਤ ਕੀਤੀ ਗਈ ਹੈ ਜੋ ਕਿ ਹੇਠ ਅਨੁਸਾਰ ਹੈ:-

"ਪਟਵਾਰੀ ਹਲਕਾ, ਪੱਤੀ ਮਹਿਣਾ ਦੀ ਰਿਪੋਰਟ ਅਨੁਸਾਰ ਸਰਕਾਰੀ ਕੋਠੀ ਨੰਬਰ ਡੀ-14 ਅਤੇ ਡੀ-15 ਨੇੜੇ ਪੁਰਾਣੀ ਤਹਿਸੀਲ ਬਠਿੰਡਾ ਦੀ ਜਮ੍ਹਾਂਬੰਦੀ ਸਾਲ 2017-18 ਦੀ ਖੇਵਟ/ ਖਾਤਾ ਨੰਬਰ 5934/25458 ਖਸਰਾ ਨੰਬਰ 3739 (19-8), 3470 (0-13), ਕੁੱਲ 20-1 ਦਾ 100/404 ਹਿੱਸਾ ਬਕੱਦਰ 5 ਬਿੱਘੇ - 0 ਬਿਸਵੇ ਦੀ ਮਾਲਕੀ ਪੰਜਾਬ ਸਰਕਾਰ ਦੀ ਹੈ। ਕੂਲੈਕਟਰ ਰੇਟ ਲਿਸਟ ਦੇ ਲੜੀ ਨੰਬਰ 20 ਮੁਤਾਬਿਕ ਉਕਤ ਰਕਬੇ ਦੀ ਕੀਮਤ 10000/- ਰੁਪਏ ਵਰਗ ਗਜ਼ ਹੈ। ਜਿਸ ਮੁਤਾਬਿਕ 05 ਬਿੱਗੇ ਦੀ ਕੀਮਤ 5,00,00,000/- ਰੁਪਏ ਹੈ"।

ਪਟਵਾਰੀ ਹਲਕਾ, ਪੱਤੀ ਝੁਟੀ ਦੀ ਰਿਪੋਰਟ ਅਨੁਸਾਰ ਬਲਿਊ ਫੌਕਸ ਗਰਾਉਂਡ, ਨੇੜੇ ਰੋਜ਼ ਗਾਰਡਨ, ਬਠਿੰਡਾ ਵਾਲੀ ਜਗ੍ਹਾ ਦੀ ਜਮਾਂਬੰਦੀ ਸਾਲ 2017-18 ਦੀ ਖੇਵਟ/ਖਾਤਾ ਨੰਬਰ 3831/16662 ਤਾ 16663 ਵਿੱਚ ਖਸਰਾ ਨੰਬਰ 5839/1829 ਮਿੰਨ (7-8) ਦੀ ਮਾਲਕੀ ਨਗਰ ਨਿਗਮ ਦੀ ਹੈ। ਕੂਲੈਕਟਰ ਰੇਟ ਲਿਸਟ ਦੇ ਲੜੀ ਨੰਬਰ 235

ਮੁਤਾਬਿਕ ਉਕਤ ਰਕਬੇ ਦੀ ਕੀਮਤ 6500/- ਰੁਪਏ ਵਰਗ ਗਜ਼ ਹੈ। ਜਿਸ ਮੁਤਾਬਿਕ 07 ਬਿੱਘੇ 18 ਬਿਸਵੇ (ਲਗਭਗ 7900 ਗਜ਼) ਦੀ ਕੀਮਤ 5,13,50,000/- ਰੁਪਏ ਹੈ"।

ਦਫਤਰ ਡਿਪਟੀ ਕਮਿਸ਼ਨਰ, ਬਠਿੰਡਾ ਜੀ ਤੋਂ ਪ੍ਰਾਪਤ ਰਿਪੋਰਟ, ਨੱਥੀ ਨਕਸ਼ਾ ਨਜ਼ਰੀ, ਜਮ੍ਹਾਂਬੰਦੀ ਐਤ ਰਿਪੋਰਟ ਅਸਲ ਨਾਲ ਨੱਥੀ ਹੈ।

ਉਕਤ ਅਨੁਸਾਰ ਨਗਰ ਨਿਗਮ ਦੇ ਨਵੇਂ ਦਫਤਰ ਵਾਲੀ ਜਗ੍ਹਾ 5000 ਵ: ਗਜ਼ ਦੇ ਬਦਲੇ ਬਲਿਊ ਫੌਕਸ ਗਰਾਉਂਡ, ਨੇੜੇ ਰੋਜ਼ ਗਾਰਡਨ, ਬਠਿੰਡਾ ਦੇ ਨਾਲ ਲੱਗਦੀ ਜਗ੍ਹਾ 7900 ਵ: ਗਜ਼ ਦੇ ਤਬਾਦਲੇ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 389** | **ਪ੍ਰਵਾਨ ਹੈ।** |

ਸ਼੍ਰੀ ਬੇਅੰਤ ਸਿੰਘ ਰੰਧਾਵਾ, ਕੌਂਸਲਰ ਨੇ ਮੀਟਿੰਗ ਹਾਲ ਵਿੱਚ ਕਾਰਪੇਟ ਲਗਾਉਣ ਅਤੇ ਸਾਊਂਡ ਸਿਸਟਮ ਠੀਕ ਕਰਵਾਉਣ ਦੀ ਮੰਗ ਕੀਤੀ।

**ਏਜੰਡਾ ਨੰਬਰ 5:**

ਰਿਪੋਰਟ ਸਿਹਤ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਦੀ ਹੱਦ ਪਹਿਲਾਂ ਨਾਲੋਂ ਕਾਫੀ ਵੱਧ ਗਈ ਹੈ। ਇਸ ਲਈ ਘਰ/ਦੁਕਾਨਾਂ ਤੋਂ ਟਿੱਪਰਾਂ ਰਾਹੀਂ ਕੂੜ੍ਹਾ ਇੱਕਠਾ ਕਰਨ ਲਈ ਸਫਾਈ ਵਰਕਰਾਂ ਦੀ ਬਹੁਤ ਘਾਟ ਹੈ। ਇਸ ਲਈ ਸਫਾਈ ਦੀ ਮਹਤੱਤਾ ਨੂੰ ਮੁੱਖ ਰੱਖਦੇ ਹੋਏ ਹੇਠ ਲਿਖੇ ਡੀ.ਸੀ. ਰੇਟਾਂ ਅਨੁਸਾਰ 150 ਸਫਾਈ ਵਰਕਰ ਰੱਖਣ ਲਈ ਖਰਚਾ ਆਵੇਗਾ ਜੀ:

| | | |
|---|---|---|
| ਡੀ.ਸੀ. ਰੇਟ ਪ੍ਰਤੀ ਸਫਾਈ ਕਰਮਚਾਰੀ | = | 10900 |
| Emp. Share + Employer's share 12.75%+16.25% | = | 3161 |
| Service Charge (2.50%) | = | 273 |
| Grand Total | = | 14334/- |
| ਪ੍ਰਤੀ ਮਹੀਨਾ ਤਨਖਾਹ | = | 14334x150 ਵਰਕਰ = 2150100 |

ਉਕਤ ਅਨੁਸਾਰ ਪ੍ਰਤੀ ਮਹੀਨਾ 150 ਵਰਕਰਾਂ ਦੀ ਤਨਖਾਹ 2150100 ਰੁਪਏ ਬਣਦੀ ਹੈ। ਜੇਕਰ ਸਫਾਈ ਦੇ ਕੰਮ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ 150 ਵਰਕਰ ਰੱਖੇ ਜਾਂਦੇ ਹਨ ਤਾਂ 06 ਮਹੀਨਿਆਂ ਦੀ 2150100 x 6 = 12900600/- ਰੁਪਏ ਅਨੁਮਾਨਤ ਖਰਚਾ ਆਵੇਗਾ। ਇਸ ਲਈ ਖਰਚੇ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 390** | **ਪ੍ਰਵਾਨ ਹੈ।** |

**ਇਸ ਉਪਰੰਤ ਸਪਲੀਮੈਂਟਰੀ ਏਜੰਡਾ ਤੇ ਵਿਚਾਰ ਕੀਤਾ ਗਿਆ:**

**ਏਜੰਡਾ ਨੰਬਰ 1:**

ਰਿਪੋਰਟ ਸਿਹਤ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਦੀ ਹਦੂਦ ਅੰਦਰ ਮੁੱਖ ਸੜ੍ਹਕਾਂ ਤੇ ਸਫਾਈ ਜਿਵੇਂ ਕਿ ਰੋਜ਼ ਗਾਰਡਨ ਤੋਂ ਮਾਨਸਾ ਰੋਡ ਅੰਡਰ ਬਰਿਜ ਤੱਕ, ਬੀਬੀ ਵਾਲਾ ਚੌਂਕ ਤੋਂ ਫੌਜੀ ਚੌਂਕ ਤੱਕ, ਵਾਲਮੀਕਿ ਚੌਂਕ ਤੋਂ ਵੀੜ ਰੋਡ, ਮੁਲਤਾਨੀਆ ਰੋਡ ਦੇ ਮਿਲਣ ਤੱਕ, ਪਾਰਕਿੰਗ, 100' ਰੋਡ ਆਦਿ ਦੀ ਸਫਾਈ ਲਈ 45 ਸਫਾਈ ਕਰਮਚਾਰੀ ਆਉਟਸੋਰਸ ਤੇ ਰੱਖੇ ਹੋਏ ਹਨ। ਇਹਨਾਂ ਦਾ ਪਹਿਲਾਂ ਪਾਸ ਕੀਤਾ ਗਿਆ ਤਖਮੀਨਾ ਹੁਣ ਖਤਮ ਹੋਣ ਵਾਲਾ ਹੈ। ਪਿਛਲੇ ਤਖਮੀਨੇ ਦੀ ਬਾਕੀ ਰਹਿੰਦੀ ਰਕਮ 265205/- ਰੁਪਏ ਨਾਲ ਇਸ ਮਹੀਨੇ ਦੀ ਤਨਖਾਹ ਵੀ ਨਹੀਂ ਦਿੱਤੀ ਜਾ ਸਕਦੀ। ਇਸ ਲਈ ਸ਼ਹਿਰ ਦੀ ਸਫਾਈ ਨੂੰ ਮੁੱਖ ਰੱਖਦੇ ਹੋਏ ਇਹ ਤਖਮੀਨੇ ਅਨੁਸਾਰ 6 ਮਹੀਨੇ ਦੇ ਖਰਚੇ 42,57,198/- ਰੁਪਏ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 391** | **ਪ੍ਰਵਾਨ ਹੈ।** |

**ਇਸ ਉਪਰੰਤ ਹਾਊਸ ਵਿੱਚ ਪੇਸ਼ ਹੇਠ ਲਿਖੇ ਅਨੁਸਾਰ ਟੇਬਲ ਆਇਟਮਾਂ ਤੇ ਵਿਚਾਰ ਕੀਤਾ ਗਿਆ:**

ਏਜੰਡਾ ਨੰਬਰ 1:

ਕਾਰਜਕਾਰੀ ਮੇਅਰ, ਨਗਰ ਨਿਗਮ ਬਠਿੰਡਾ ਜੀ ਨੇ ਸ਼੍ਰੀ ਬਲਜੀਤ ਸਿੰਘ ਸਰਾਂ, ਸ਼੍ਰੀਮਤੀ ਪੁਸ਼ਪਾ ਰਾਣੀ, ਸ਼੍ਰੀਮਤੀ ਸ਼ੈਰੀ ਗੋਇਲ ਅਤੇ ਹੋਰ ਵੱਖ-ਵੱਖ ਕੋਂਸਲਰ ਸਾਹਿਬਾਨ ਵੱਲੋਂ ਉਹਨਾਂ ਨੂੰ ਦਿੱਤੇ ਗਏ ਮੰਗ ਪੱਤਰ ਦੇ ਹਵਾਲੇ ਵਿੱਚ ਕਿਹਾ ਕਿ ਬਲਿਊ ਫੌਕਸ ਵਾਲੀ ਜਗ੍ਹਾ ਬਹੁਤ ਮਹਿੰਗੀ ਜਗ੍ਹਾ ਹੈ। ਇਸਤੋਂ ਇਲਾਵਾ ਇਸ ਪਾਸੇ ਰੋਜ਼ ਗਾਰਡਨ ਅਤੇ ਜੋਗਰ ਪਾਰਕ ਵੀ ਹਨ। ਸ਼ਹਿਰ ਵਿੱਚ ਹੋਰ ਥਾਂਈਂ ਵੀ ਕਈ ਵੱਡੇ-ਵੱਡੇ ਪਾਰਕ ਹਨ। ਉਹਨਾਂ ਕਿਹਾ ਕਿ ਬਲਿਊ ਫੌਕਸ ਵਾਲੀ ਜਗ੍ਹਾ ਤੇ ਬੌਟੈਨੀਕਲ ਗਾਰਡਨ ਬਨਾਉਣ ਦੀ ਬਜਾਏ ਲਾਇਨੋਪਾਰ ਇਲਾਕੇ ਵਿੱਚ ਥਰਮਲ ਪਲਾਂਟ ਦੀ ਸਸਤੀ ਜਮੀਨ ਲੈ ਕੇ ਇਸ ਪਾਸੇ ਬੌਟੈਨੀਕਲ ਗਾਰਡਨ ਬਣਾਇਆ ਜਾਵੇ, ਜਿਸਤੇ ਹਾਊਸ ਵਿੱਚ ਮੌਜੂਦ ਸਮੂਹ ਕੌਂਸਲਰ ਸਾਹਿਬਾਨ ਵੱਲੋਂ ਸਹਿਮਤੀ ਦਿੱਤੀ ਗਈ ਅਤੇ ਬੌਟੈਨੀਕਲ ਗਾਰਡਨ ਨੂੰ ਬਲਿਊ ਫੌਕਸ ਵਾਲੀ ਜਗ੍ਹਾ ਤੇ ਨਾ ਬਣਾ ਕੇ ਲਾਇਨੋਪਾਰ ਇਲਾਕੇ ਵਿੱਚ ਬਨਾਉਣਾ ਪਾਸ ਕੀਤਾ ਗਿਆ। ਇਸਦਾ ਹਾਊਸ ਵਿੱਚ ਮੌਜੂਦ ਸਮੂਹ ਕੌਂਸਲਰ ਸਾਹਿਬਾਨ ਵੱਲੋਂ ਮੇਜ਼ਾਂ ਥਪਥਪਾ ਕੇ ਸਵਾਗਤ ਕੀਤਾ ਗਿਆ।

| | |
|---|---|
| ਮਤਾ ਨੰਬਰ 392 | **ਨਗਰ ਨਿਗਮ ਵੱਲੋਂ ਬਣਾਏ ਜਾ ਰਹੇ ਬੌਟੈਨੀਕਲ ਗਾਰਡਨ ਨੂੰ ਬਲਿਊ ਫੌਕਸ ਵਾਲੀ ਜਗ੍ਹਾ ਤੇ ਨਾ ਬਣਾ ਕੇ ਲਾਇਨੋਪਾਰ ਇਲਾਕੇ ਵਿੱਚ ਸਸਤੀ ਜਮੀਨ ਲੈ ਕੇ ਬਨਾਉਣਾ ਪਾਸ ਕੀਤਾ ਜਾਂਦਾ ਹੈ।** |

ਏਜੰਡਾ ਨੰਬਰ 2:

ਪਰਸ ਰਾਮ ਨਗਰ ਅੰਡਰ ਬਰਿਜ ਤੇ ਸ਼ੈਡ ਪਾਉਣ ਸਬੰਧੀ ਤਿਆਰ ਤਖਮੀਨਾ

| Sr. No. | Name of Work | Estimate (in lac) |
|---|---|---|
| 1. | Const. of Shed on Paras Ram Nagar Under Bridge | 102.50 |

| | |
|---|---|
| ਮਤਾ ਨੰਬਰ 393 | **ਪ੍ਰਵਾਨ ਹੈ।<br>ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਦੇ ਦਸਣ ਮੁਤਾਬਿਕ ਸ਼ਹਿਰ ਵਿੱਚ ਤਿੰਨ ਟਾਇਮ ਹਾਜ਼ਰੀ ਲਗਾਉਣ ਖਾਤਰ ਹੋਰ ਬਾਇਓਮੈਟ੍ਰਿਕ ਮਸ਼ੀਨਾਂ ਦੀ ਲੋੜ੍ਹ ਨੂੰ ਦੇਖਦੇ ਹੋਏ ਨਵੀਆਂ ਬਾਇਓਮੈਟ੍ਰਿਕ ਮਸ਼ੀਨਾਂ ਦੀ ਖਰੀਦ ਕਰਨ ਅਤੇ ਇਸਤੇ ਆਉਣ ਵਾਲੇ ਖਰਚੇ ਦੀ ਵੀ ਪ੍ਰਵਾਨਗੀ ਦਿੱਤੀ ਜਾਂਦੀ ਹੈ।<br>ਵਿਚਾਰ ਵਟਾਂਦਰੇ ਅਨੁਸਾਰ ਨਗਰ ਨਿਗਮ ਦੇ ਵਹੀਕਲਾਂ ਦੀ ਰਿਪੇਅਰ ਕਰਾਉਣ ਲਈ ਦੋ ਮਿਸਤਰੀ ਰੱਖਣ ਤੇ ਆਉਣ ਵਾਲੇ ਖਰਚੇ ਦੀ ਵੀ ਪ੍ਰਵਾਨਗੀ ਦਿੱਤੀ ਜਾਂਦੀ ਹੈ।** |

ਆਖੀਰ ਵਿੱਚ ਮੀਟਿੰਗ ਧੰਨਵਾਦ ਨਾਲ ਖਤਮ ਕੀਤੀ ਗਈ।

ਸਹੀ/-
ਕਾਰਜਕਾਰੀ ਮੇਅਰ
-ਕਮ-ਸੀਨੀਅਰ ਡਿਪਟੀ ਮੇਅਰ
ਨਗਰ ਨਿਗਮ,ਬਠਿੰਡਾ।